# ਪਰਮੇਸ਼ੁਰ ਦੀ ਪਿਆਰੀ ਕਿਰਪਾ

ਪ੍ਰਾਰਥਨਾ : ''ਸਾਡੇ ਸਵਰਗੀ ਪਿਤਾ, ਕਿਰਪਾ ਕਰਕੇ ਇਸ ਅਧਿਐਨ ਨੂੰ, ਬੱਚਿਆਂ ਨੂੰ, ਤੇਰੀ ਪਿਆਰੀ ਕਿਰਪਾ ਨੂੰ ਖੋਜਣ ਅਤੇ ਪ੍ਰਸ਼ੰਸਾ ਕਰਨ ਲਈ ਇਸਤੇਮਾਲ ਕਰ।''

ਅਜਿਹੀਆਂ ਗਤੀਵਿਧੀਆਂ ਚੁਣੋ ਜੋ ਤੁਹਾਡੇ ਬੱਚਿਆਂ ਦੇ ਪਿਛੋਕੜ, ਅਤੇ ਸਥਾਨਕ ਰੀਤੀਆਂ ਲਈ ਢੁੱਕਵੀਆਂ ਹਨ।

**1.** ਲੂਕਾ **15:11-32** ਵਿੱਚੋਂ ਉਜਾੜੂ ਪੁੱਤਰ ਬਾਰੇ ਕਹਾਣੀ ਪੜ੍ਹੋ ਜਾਂ ਮੂੰਹ ਜ਼ਬਾਨੀ ਦੱਸੋ।



ਜੇਕਰ ਸੰਭਵ ਹੋਵੇ ਤਾਂ ਇੱਕ ਵੱਡੇ ਬੱਚੇ ਨੂੰ ਬਾਕੀ ਬੱਚਿਆਂ ਲਈ ਇਸ ਕਹਾਣੀ ਦਾ ਖੁਲਾਸਾ ਕਰਨ ਲਈ ਤਿਆਰ ਕਰੋ।

ਕਹਾਣੀ ਦਾ ਖੁਲਾਸਾ ਕਰਨ ਤੋਂ ਪਹਿਲਾਂ ਦੱਸੋ ਕਿ ਇਸਦਾ ਮਕਸਦ ਹੈ ਇਹ ਵਿਖਾਉਣਾ, ਕਿ ਕਿਵੇਂ ਉਹ ਜਵਾਨ ਹੈਰਾਨ

ਹੋਇਆ, ਜਦੋਂ ਉਸਦੇ ਪਿਤਾ ਨੇ ਉਸਨੂੰ ਮਾਫ਼ ਕਰ ਦਿੱਤਾ।ਪੁੱਤਰ ਨੇ ਆਪਣੇ ਪਿਤਾ ਨਾਲ ਬਹੁਤ ਬੁਰਾ ਵਿਹਾਰ ਕੀਤਾ ਸੀ।

ਕਹਾਣੀ ਦਾ ਖੁਲਾਸਾ ਕਰਨ ਤੋਂ ਬਾਅਦ, ਇਨ੍ਹਾਂ ਪ੍ਰਸ਼ਨਾਂ ਨੂੰ ਪੁੱਛੋ:

- ਪੁੱਤਰ ਨੇ ਆਪਣੇ ਪਿਤਾ ਨੂੰ ਉਸਨੂੰ ਕੀ ਦੇਣ ਲਈ ਕਿਹਾ?
- ਪੁੱਤਰ ਨੇ ਆਪਣੀ ਜਾਇਦਾਦ ਨਾਲ ਕੀ ਕੀਤਾ?
- ਪੁੱਤਰ ਨੂੰ ਕੀ ਹੋਇਆ ਜਦੋਂ ਉਸਦੀ ਸਾਰੀ ਧੰਨ, ਜਾਇਦਾਦ ਬਰਬਾਦ ਅਤੇ ਖ਼ਤਮ ਹੋ ਚੁੱਕੀ ਸੀ?
- ਪੁੱਤਰ ਆਪਣੇ ਪਿਤਾ ਨੂੰ ਕੀ ਕਹਿਣਾ ਚਾਹੁੰਦਾ ਸੀ?
- ਪਿਤਾ ਨੇ ਪੁੱਤਰ ਨਾਲ ਕਿਵੇ ਵਿਹਾਰ ਕੀਤਾ? ਵੱਡੇ ਪੁੱਤਰ ਨੇ ਆਪਣੇ ਛੋਟੇ ਭਰਾ ਬਾਰੇ ਕੀ ਮਹਿਸੂਸ ਕੀਤਾ?



- ਪਿਤਾ ਨੇ ਵੱਡੇ ਭਰਾ ਨੂੰ ਕੀ ਸਮਝਾਇਆ?
- ਉਨ੍ਹਾਂ ਸੂਰਾਂ ਦੇ ਚਿੱਤਰ ਬਣਾਓ, ਜਿਨ੍ਹਾਂ ਨੂੰ ਉਜਾੜੂ ਪੁੱਤਰ ਨੂੰ ਚਰਾਉਣਾ ਪਿਆ ਸੀ।
- ਵੱਡੇ ਬੱਚਿਆਂ ਨੂੰ, ਛੋਟੇ ਬੱਚਿਆ ਦੀ, ਚਿੱਤਰ ਬਣਾਉਣ ਵਿੱਚ ਮਦਦ ਕਰਨ ਦਿਓ।

- ਬਾਲਗਾਂ ਨੂੰ ਸਮਝਾਓ: ਸੂਰ ਇਸ ਗੱਲ ਦੀ ਉਦਾਹਰਣ ਹਨ ਕਿ ਕਿਵੇਂ ਪਰਮੇਸ਼ੁਰ ਦੀ ਕਿਰਪਾ ਸਾਡੇ ਕੋਲ ਪਹੁੰਚਦੀ ਹੈ ਭਾਵੇਂ ਅਸੀਂ ਪਰਮੇਸ਼ਰ ਕੋਲੋਂ ਕਿੰਨੀ ਦੂਰ ਵੀ ਭੱਜ ਗਏ ਹਾਂ।ਉਹ ਸਾਨੂੰ ਮਾਫ਼ ਕਰਦਾ ਹੈ, ਭਾਵੇ ਜਿੰਨੇ ਮਰਜੀ ਬੁਰੇ ਪਾਪ ਅਸੀ ਕੀਤੇ ਹੋਣ,ਜਦੋਂ ਅਸੀ ਆਪਣੇ ਪਾਪ ਨੂੰ ਛੱਡ ਦੇਦੇ ਹਾਂ, ਉਸ ਵੱਲ ਮੁੜਦੇ ਹਾਂ ਅਤੇ ਉਸ ਕੋਲੋਂ ਮਾਫ਼ੀ ਮੰਗਦੇ ਹਾਂ।

**2.** ਬਾਲਗਾਂ ਲਈ "ਉਜਾੜੂ ਪੁੱਤਰ" ਬਾਰੇ ਪੂਰਵ ਅਭਿਆਸ ਕਰੋ ਅਤੇ ਇਸਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

- ਅਰਾਧਨਾ ਆਗੂਆਂ ਨਾਲ ਮਿਲਕੇ ਬੱਚਿਆਂ ਨੂੰ ਇਹ ਨਾਟਕ ਬਾਲਗਾਂ ਲਈ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਜਦੋਂ ਕਥਾਵਾਚਕ ਕਹਾਣੀ ਦਾ ਭਾਗ ਪੜ੍ਹਦਾ ਹੈ, ਅਦਾਕਾਰ ਬਾਈਬਲ ਦੀ ਕਹਾਣੀ ਦੇ ਭਾਗ ਵਿੱਚ ਉਸ ਵਿਅਕਤੀ ਵਾਗੂੰ ਸ਼ਬਦ ਕਹਿਣ ਅਤੇ ਉਸੇ ਤਰ੍ਹਾਂ ਕਿਰਿਆਵਾਂ ਵੀ ਕਰਨ।
- ਬੱਚਿਆਂ ਨੂੰ ਨਾਟਕ ਤੋਂ ਬਾਅਦ, ਬਾਲਗਾਂ ਕੋਲੋਂ ਇਸ ਕਹਾਣੀ ਬਾਰੇ ਪੁੱਛਣ ਲਈ ਪ੍ਰਸ਼ਨ ਤਿਆਰ ਕਰਨ ਦਿਓ।
- ਉਨੀਂ ਦਰ ਤੱਕ ਅਭਿਆਸ ਕਰੋ ਜਦ ਤੱਕ ਹਰ ਕੋਈ ਜਾਣ ਨਹੀਂ ਲੈਂਦਾ, ਕੀ ਕਰਨਾ ਅਤੇ ਕਹਿਣਾ ਹੈ।

ਕਥਾਵਾਚਕ — ਕਹਾਣੀ ਦੇ ਉਹਨਾਂ ਭਾਗਾਂ ਨੂੰ ਪੜ੍ਹੇ, ਜੋ ਦੂਜੇ ਅਦਾਕਾਰਾਂ ਦੁਆਰਾ ਨਹੀਂ ਬੋਲੇ ਗਏ। ਉਨ੍ਹਾਂ ਨੂੰ ਆਪਣੇ ਭਾਗਾਂ ਨੂੰ ਕਹਿਣ ਅਤੇ ਕਿਰਿਆ ਕਰਨ ਲਈ ਰੁਕੇ।

ਉਜਾੜੂ ਪੁੱਤਰ — ਛੋਟੇ ਪੁੱਤਰ ਦੇ ਸ਼ਬਦਾਂ ਨੂੰ ਕਹੇ। ਅਜਿਹੇ ਸ਼ਬਦਾਂ ਜਾਂ ਸੰਕੇਤਾਂ ਨੂੰ ਜੋੜੇ, ਜੋ ਉਸ ਗੱਲ ਨੂੰ ਸਪੱਸ਼ਟ ਕਰਨ ਜੋ ਹੋਇਆ ਸੀ।

ਪਿਤਾ — ਪਿਤਾ ਦੇ ਸ਼ਬਦਾਂ ਨੂੰ ਕਹੇ ਅਤੇ ਕਿਰਿਆਵਾਂ ਕਰੇ।

ਵੱਡਾ ਪੁੱਤਰ — ਵੱਡੇ ਪੁੱਤਰ ਦੇ ਸ਼ਬਦਾਂ ਨੂੰ ਕਹੇ ਅਤੇ ਕਿਰਿਆਵਾਂ ਕਰੇ।

ਨੌਕਰ — ਨੌਕਰ ਦੇ ਸ਼ਬਦਾਂ ਨੂੰ ਕਹੇ ਅਤੇ ਕਿਰਿਆਵਾਂ ਕਰੇ, ਜਿਸ ਵਿੱਚ ਪਲੇ ਹੋਏ ਵੱਛੇ ਨੂੰ ਫੜਨਾ ਅਤੇ ਮਾਰਨਾ ਵੀ ਸ਼ਾਮਿਲ ਹੋਵੇ।

ਵੱਛਾ — ਜੇਕਰ ਤੁਸੀਂ ਥੋੜਾ ਜਿਹਾ ਮਜ਼ਾਕ ਵੀ ਸ਼ਾਮਿਲ ਕਰਨਾ ਚਾਹੁੰਦੇ ਹੋ, ਦੋ ਲੜਕਿਆਂ ਨੂੰ ਵੱਛੇ ਦਾ ਕਿਰਦਾਰ ਨਿਭਾਉਣ ਦਿਓ। ਉਹ ਉਨ੍ਹਾਂ ਦੀਆਂ ਪਿੱਠਾਂ ਉੱਤੇ ਕੰਬਲ ਸੁੱਟ ਕੇ ਹੇਠਾਂ ਨੂੰ ਝੁਕ ਜਾਣ।

ਵੱਡਾ ਪੁੱਤਰ — ਵੱਡੇ ਪੁੱਤਰ ਦੇ ਸ਼ਬਦਾਂ ਨੂੰ ਕਹੇ ਅਤੇ ਕਿਰਿਆਵਾਂ ਕਰੇ।

ਬੁਰੇ ਮਿੱਤਰ — ਜੇਕਰ ਉੱਥੇ ਕਾਫੀ ਬੱਚੇ ਹਨ, ਤਾਂ ਤੁਸੀਂ ਉਨ੍ਹਾਂ ਵਿੱਚੋਂ ਕੁਝ ਬੱਚਿਆਂ ਨੂੰ ਉਨ੍ਹਾਂ ਬੁਰੇ ਮਿੱਤਰਾਂ ਦਾ ਕਿਰਦਾਰ ਕਰਨ ਲਈ ਦੇ ਸਕਦੇ ਹੋ, ਜਿਨ੍ਹਾਂ ਨੇ ਦੂਰ ਦੇਸ਼ ਵਿੱਚ ਛੋਟੇ ਪੁੱਤਰ ਨੂੰ ਉਸਦਾ ਧੰਨ ਬਰਬਾਦ ਕਰਨ ਵਿੱਚ ਮਦਦ ਕੀਤੀ।



**3.** ਕਵਿਤਾ (ਜ਼ਬੂਰ **103**, ਆਇਤਾਂ **2,3,4** ਅਤੇ **13**)

- ਦੋ ਬੱਚਿਆਂ ਨੂੰ ਦੋ ਭਾਗ ਕਹਿਣ ਦਿਓ।
- ਉਹ ਇਸ ਕਵਿਤਾ ਨੂੰ ਬਾਲਗਾਂ ਨੂੰ ਸੁਣਾ ਸਕਦੇ ਹਨ।

ਪਹਿਲਾ ਭਾਗ

ਹੇ ਮੇਰੀ ਜਾਨ, ਯਹੋਵਾਹ ਨੂੰ ਮੁਬਾਰਕ ਆਖ,
ਅਤੇ ਉਹ ਦੇ ਸਾਰੇ ਉਪਕਾਰ ਨਾ ਵਿਸਾਰ!
ਉਹ ਤੇਰੀਆਂ ਸਾਰੀਆਂ ਬੁਰਿਆਈਆਂ ਨੂੰ ਖਿਮਾ ਕਰਦਾ ਹੈ,
ਉਹ ਸਾਰੇ ਰੋਗਾਂ ਤੋਂ ਤੈਨੂੰ ਨੌਰਆ ਕਰਦਾ ਹੈ।

ਦੂਜਾ ਭਾਗ

ਉਹ ਤੇਰੀ ਜਿੰਦ ਨੂੰ ਟੋਏ ਤੋਂ ਨਿਸਤਾਰਾ ਦਿੰਦਾ ਹੈ,
ਉਹ ਤੇਰੇ ਸਿਰ ਉੱਤੇ ਦਯਾ ਤੇ ਰਹਮ ਦਾ ਮੁਕਟ ਰੱਖਦਾ ਹੈ।
ਜਿਵੇਂ ਪਿਤਾ ਆਪਣੇ ਬੱਚਿਆਂ ਦਾ ਤਰਸ ਖਾਂਦਾ ਹੈ,
ਤਿਵੇਂ ਯਹੋਵਾਹ ਆਪਣੇ ਡਰਨ ਵਾਲਿਆਂ ਦਾ ਤਰਸ ਖਾਂਦਾ ਹੈ।

**4.** ਯਾਦ ਕਰਨ ਲਈ ਆਇਤ : ਅਫ਼ਸੀਆਂ **2:8-9**

**5.** ਪ੍ਰਾਰਥਨਾ

''ਪ੍ਰਭੂ, ਸਾਡੇ ਜੀਵਨ ਪਾਪ ਨਾਲ ਭਰੇ ਹਨ, ਅਤੇ ਤੇਰੇ ਬਿਨ੍ਹਾਂ ਅਸੀਂ ਤਬਾਹ ਹੋ ਜਾਵਾਂਗੇ।
ਸਾਨੂੰ ਸਾਡੀਆਂ ਬੁਰੀਆਂ ਗੱਲਾਂ ਤੋਂ ਮਾਫ਼ੀ ਦੇਣ ਲਈ ਤੁਹਾਡਾ ਧੰਨਵਾਦ।
ਜਦੋਂ ਅਸੀਂ ਤੁਹਾਡੇ ਵੱਲ ਮੁੜੇ ਤਾਂ ਸਾਡਾ ਫਿਰ ਤੋਂ ਸਵਾਗਤ ਕਰਨ ਲਈ ਤੁਹਾਡਾ ਧੰਨਵਾਦ।
ਅਸੀਂ ਖੁਸ਼ ਹਾਂ ਕਿ ਤੁਹਾਨੂੰ ਖੁਸ਼ੀ ਹੈ, ਜਦ ਕਿ ਅਸੀਂ ਤੁਹਾਡੇ ਕੋਲ ਵਾਪਸ ਆਏ ਹਾਂ।
ਸਾਨੂੰ ਵੀ ਖੁਸ਼ੀ ਕਰਨ ਵਿੱਚ ਮਦਦ ਕਰੋ ਜਦੋਂ ਗੁਆਚੇ ਹੋਏ ਲੋਕ ਤੇਰੇ ਕੋਲ ਵਾਪਸ ਆਉਂਦੇ ਹਨ।
ਇਹ ਪ੍ਰਾਰਥਨਾ ਅਸੀਂ ਯਿਸੂ ਦੇ ਪਿਆਰੇ ਨਾਂ ਵਿੱਚ ਮੰਗਦੇ ਹਾਂ। ਆਮੀਨ''

Download Paul-Timothy studies freely from http://www.Paul-Timothy.net